# ਕਾਰਜ ਉਦੇਸ਼ ਕਥਨ

ਆਓ ਸਿੱਖਿਆ, ਅਨੁਸ਼ਾਸ਼ਨ, ਖੋਜ ਅਤੇ ਯੋਜਨਾਬੰਦੀ ਨਾਲ਼ ਸੜਕਾਂ ਨੂੰ ਦੁਰਘਟਨਾ, ਪ੍ਰਦੂਸ਼ਣ ਅਤੇ ਤਣਾਓ ਮੁਕਤ ਕਰੀਏ।

ਸਾਰਿਆਂ ਨੂੰ ਜਿੰਮੇਵਾਰ, ਸੁਰੱਖਿਅਤ ਅਤੇ ਰਖਿਆਤਮਕ ਸੜਕ ਦੀ ਵਰਤੋਂ ਕਰਨ ਲਈ ਪ੍ਰੇਰਿਆ ਜਾਵੇ।

## ਗੱਡੀ ਚਲਾਉਣ ਤੋਂ ਪਹਿਲ਼ਾਂ ਤੁਸੀ ਆਪਣੇ ਧਿਆਨ ਵਿੱਚ ਲਿਆਓ;

- ਕੀ ਗੱਡੀ ਰਜਿਸਟਰਡ ਹੈ।
- ਕੀ ਗੱਡੀ ਦੇ ਅੱਗੇ ਪਿਛੇ ਕਾਨੂੰਨ ਅਨੁਸਾਰ ਨੰਬਰ ਪਲੇਟਾਂ ਲੱਗੀਆਂ ਹਨ।
- ਕੀ ਗੱਡੀ ਇਨਸ਼ੋਰਡ ਹੈ।
- ਕੀ ਗੱਡੀ ਚਲਾਉਣ ਯੋਗ ਹੈ।
- ਕੀ ਤੁਸੀ ਪੂਰੇ ਟਰੈਫਿਕ ਨਿਯਮਾਂ, ਇਸ਼ਾਰਿਆ, ਚਿਨਾਂ, ਨਿਸ਼ਾਨੀਆਂ ਦੇ ਬਾਰੇ ਜਾਣਕਾਰੀ ਰੱਖਦੇ ਹੋ।
- ਕੀ ਤੁਸੀ ਨਸ਼ੇ ਦੀ ਹਾਲਤ ਵਿੱਚ ਤਾਂ ਨਹੀਂ ਹੋ।
- ਕੀ ਤੁਹਾਡੀ ਜਿਸਮਾਨੀ ਤੇ ਦਿਮਾਗੀ ਹਾਲਤ ਠੀਕ ਹੈ।

## ਕਾਨੂੰਨ ਅਨੁਸਾਰ ਸਾਰੀਆਂ ਤੇਜ ਰਫਤਾਰ ਗੱਡੀਆਂ ਲਈ ਲੋੜਾਂ:

- ਰਜਿਸਟਰ ਕਰਾਓ।
- ਨੰਬਰ ਪਲੇਟ ਅਗੇ ਤੇ ਪਿੱਛੇ ਨਿਸ਼ਚਿਤ ਢੰਗ ਨਾਲ਼ ਲਗਾਓ।
- ਗੱਡੀ ਨੂੰ ਠੀਕ ਚਾਲੂ ਹਾਲਤਾ ਵਿੱਚ ਰੱਖੋ। ਬਰੇਕਾਂ ਕਾਫੀ ਸ਼ਕਤੀਸ਼ਾਲੀ ਹੋਣ।
- ਗੱਡੀ ਦੀਆਂ ਹੈੱਡ ਲਾਈਟਾਂ, ਪਿਛਲੀਆਂ ਲਾਈਟਾਂ, ਨੰਬਰ ਪਲੇਟਾਂ ਨੂੰ ਰੁਸ਼ਨਾਉਣ ਲਈ ਲਾਈਟਾਂ ਸਟਾਪ ਲਾਈਟ, ਪਾਰਕਿੰਗ ਲਾਈਟਾਂ ਅਤੇ ਡਾਇਰੇਕਸ਼ਨ ਇੰਡੀਗੇਟਰ ਠੀਕ ਲੱਗਿਆ ਹੋਵੇ। ਇਹ ਗੱਲ ਧਿਆਨ ਵਿੱਚ ਰੱਕੋ ਕਿ ਤੁਸੀਂ ਗੱਡੀ ਦੇ ਉਪਰ ਦੀ ਹੈੱਡ ਲਾਈਟ ਲਾ ਸਕਦੇ ਹੋ। ਜੇ ਕਾਨੂੰਨ ਇਜਾਜਤ ਨਹੀਂ ਦਿੰਦਾ ਤਾਂ ਨਾ ਚਲਏਾ।
- ਟਾਇਰ ਚੰਗੀ ਹਾਲਤ ਵਿੱਚ ਹੋਣ ਅਤੇ ਹਵਾ ਨਾਲ਼ ਪੂਰੇ ਭਰੇ ਹੋਣ।
- ਹਾਰਨ ਠੀਕ ਹਾਲਤ ਵਿੱਚ ਹੋਵੇ। ਹਾਰਨ ਕਾਨੂੰਨ ਅਨੁਸਾਰ ਲੱਗਿਆ ਹੋਵੇ।
- ਸਾਇਲੈਂਸਰ ਲਗਿਆ ਹੋਵੇ ਅਤੇ ਠੀਕ

ਹੋਵੇ। ਸਟੇਅਰਿੰਗ ਮਸ਼ੀਨਰੀ ਠੀਕ ਹਾਲਤ ਵਿੱਚ ਹੋਵੇ।

- ਸ਼ੀਸ਼ਾ ਸਾਫ ਰੱਖਣ ਵਾਲਾ ਵਾਈਪਰ ਯੰਤਰ ਠੀਕ ਹਾਲਤ ਵਿੱਚ ਹੋਵੇ। ਸਾਹਮਣੇ ਪ੍ਰਦਰਸ਼ਨੀ ਸ਼ੀਸ਼ਾ ਅਤੇ ਪਿਛਲੇ ਪਾਸਿਆ ਵਾਲੇ ਸ਼ੀਸ਼ੇ ਠੀਕ ਹੋਣ।
- ਪਿਛਲੀ ਟ੍ਰੈਫਿਕ ਨੂੰ ਦੇਖਣ ਵਾਲਾ ਸ਼ੀਸ਼ਾ ਠੀਕ ਢੰਗ ਨਾਲ਼ ਲੱਗਿਆ ਹੋਵੇ। ਵਾਧੂ ਸ਼ੋਰ ਪੈਦਾ ਨਾ ਹੋਵੇ।
- ਖੱਬੇ ਪਾਸੇ ਸਟੇਅਰਿੰਗ ਹੋਣ ਦੀ ਸੂਰਤ ਵਿੱਚ ਬਿਜਲੀ ਜਾ ਮਕੈਨੀਕਲ ਯੰਤਰ ਵੀ ਲੱਗਾ ਹੋਵੇ।
- ਕੋਈ ਅਜਿਹਾ ਨੁਕਸ ਨਾ ਹੋਵੇ ਜਿਸ ਨਾਲ਼ ਆਵਾਜਾਈ ਵਿੱਚ ਧੂੰਆਂ ਹੋਵੇ।
- ਟੋਕਨ ਟੈਕਸ ਠੀਕ ਤਰਾਂ ਨਾਲ਼ ਨਜਰ ਆਏ।
- ਜੇਕਰ ਤੁਹਾਡੀ ਗੱਡੀ ਸੜਕ ਤੇ ਚੱਲਣ ਯੋਗ ਨਹੀਂ ਹੈ ਤਾਂ ਇਸਨੂੰ ਠੀਕ ਕਰਾਓ। ਸੜਕ ਤੇ ਨਾ ਲਿਜਾਓ। ਖਰਾਬ ਗੱਡੀ ਨੂੰ ਚਲਾਉਣਾ ਤੁਹਾਡੇ ਅਤੇ ਹੋਰਨਾਂ ਲਈ ਹਾਨੀਕਾਰਕ ਹੋ ਸਕਦਾ ਹੈ।
- ਹੌਲੀ ਚੱਲਣ ਵਾਲੀ ਟ੍ਰੈਫਿਕ ਨੂੰ ਰਾਹ ਦਿਓ।
- ਪੈਦਲ ਚੱਲਦੇ ਵਿਅਕਤੀ ਦਾ ਧਿਆਨ ਰੱਖੋ।
- ਪਾਰਕਿੰਗ ਪਲੇਸ ਵਿੱਚ ਗੱਡੀ ਨੂੰ ਖੜਾ ਕਰੋ।
- ਸੜਕ ਤੇ ਦੂਸਰੇ ਦਾ ਰਸਤਾ ਨਾ ਰੋਕੋ। ਮੋੜ ਤੇ ਚੌਂਕ ਵਿੱਚ ਓਵਰਟੇਕ ਨਾ ਕਰੋ। ਇਹ ਤੁਹਾਡੇ ਸਾਰਿਆ ਲਈ ਸੁਰੱਖਿਅਤ ਸਫਰ ਵਿੱਚ ਸਹਾਈ ਹੋਣਗੇ।
- ਲੋੜ ਅਨੁਸਾਰ ਸਮੇਂ ਸਿਰ ਠੀਕ ਇਸ਼ਾਰਾ ਦਿਓ।